## ਗੁਰੂ ਨਾਨਕ - ਸਬਦ ੬੮

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੩

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥
ਮਤੁ ਜਾਣ ਸਹਿ ਗਲੀ ਪਾਇਆ ॥
ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥
ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥
ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥
ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥
ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥

ਸਾਰ: ਪੈਦਾਵਾਰ ਅਤੇ ਰੂਹਾਨੀਅਤ ਦੀਆਂ ਪ੍ਰਕਿਰਿਆਵਾਂ ਗੂੜ੍ਹ ਅਤੇ ਅਰਥ ਭਰਪੂਰ ਸਮਾਨਤਾਵਾਂ ਦੀ ਸਾਂਝ ਪਾਉਦੀਆਂ ਹਨ ਜੋ ਪਰਿਵਰਤਨ ਲਈ ਪ੍ਰੇਰਿਤ ਕਰ ਸਕਦੀਆਂ ਹਨ। ਦੋਵੇਂ ਪਾਲਣ ਦੇ ਸਫ਼ਰ ਦੀਆਂ ਰਾਹੀ ਹਨ ਜੋ ਗੰਭੀਰ ਨਤੀਜਿਆਂ ਤੱਕ ਲੈ ਜਾਂਦੀਆਂ ਹਨ। ਖੇਤੀ ਦਾ ਪਹਿਲਾ ਕਦਮ ਜ਼ਮੀਨ ਨੂੰ ਤਿਆਰ ਕਰਨਾ ਅਤੇ ਫਸਲਾਂ ਦੇ ਵਾਧੇ ਵਿਚ ਰੁਕਾਵਟ ਪਾਉਣ ਵਾਲੇ ਨਦੀਨ ਨੂੰ ਹਟਾਉਣਾ ਹੁੰਦਾ ਹੈ। ਇਸੇ ਤਰ੍ਹਾਂ ਰੂਹਾਨੀਅਤ ਵਿਕਾਸ, ਨਕਾਰਾਤਮਕਤਾ, ਹਉਮੈ, ਡਰ ਅਤੇ ਸੰਦੇਹ ਰੂਪੀ ਮਾਨਸਿਕ ਉਥਲ-ਪੁਥਲ ਨੂੰ ਖਤਮ ਕਰਕੇ ਸ਼ੁਰੂ ਹੁੰਦਾ ਹੈ। ਜਦੋਂ ਕਿਸਾਨ ਧਿਆਨ ਨਾਲ ਬੀਜ ਬੀਜਦੇ ਹਨ, ਤਾਂ ਉਹ ਭਰਪੂਰ ਫ਼ਸਲ ਨੂੰ ਯਕੀਨੀ ਬਣਾਉਣ ਲਈ ਜ਼ਮੀਨ ਅਤੇ ਫ਼ਸਲ ਦੀ ਦੇਖਭਾਲ ਕਰਦੇ ਹਨ, ਇਹ ਦਰਸਾਉਂਦਾ ਹੈ ਕਿ ਕਿਵੇਂ ਰੂਹਾਨੀਅਤ ਦੇ ਖੋਜੀ ਆਪਣੇ ਅੰਦਰੂਨੀ ਆਪੇ ਨੂੰ ਸਵਾਰਦੇ ਹਨ, ਉਹ ਸਥਾਈ ਸ਼ਾਂਤੀ ਅਤੇ ਸੰਪੂਰਨ ਜੀਵਨ ਦੀ ਖੋਜ ਵਿਚ ਬਿਬੇਕ ਅਤੇ ਸਦਗੁਣ ਧਾਰਨ ਕਰਨ ਲਈ ਯਤਨਸ਼ੀਲ ਰਹਿੰਦੇ ਹਨ।

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥
ਚੰਗੇ ਕਰਮਾਂ ਲਈ ਜੀਵਨ ਰੂਪੀ ਧਰਤੀ ਦੀ ਸੰਭਾਲ ਕਰੋ। ਇਸ ਵਿਚ ਗਿਆਨ ਦਾ ਬੀਜ ਬੀਜੋ, ਨਦੀ ਦੀ ਤਰ੍ਹਾਂ ਇਮਾਨਦਾਰੀ ਨੂੰ ਵਹਿਣ ਦਿਓ ਅਤੇ ਇਨ੍ਹਾਂ ਸਦਗੁਣਾਂ ਦੀ ਪ੍ਰਫੁੱਲਤਾ ਲਈ ਉਨ੍ਹਾਂ ਨੂੰ ਰੋਜ਼ਾਨਾ ਪਾਣੀ ਦਿਉ।

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥
ਸਚਾਈ ਦੀ ਖੇਤ ਦਾ ਵਾਹਕ ਬਣ, ਅਗਿਆਨੀ ਮਨ ਨੂੰ ਇਹ ਤੱਥ ਸਮਝਾਉ ਕਿ ਸਵਰਗ ਅਤੇ ਨਰਕ ਸਿਰਫ਼ ਸਕਾਰਾਤਮਕ ਅਤੇ ਨਕਾਰਾਤਮਕ ਵਿਚਾਰਾਂ ਦੇ ਪ੍ਰਤੀਬਿੰਬ ਹਨ। (੧)

ਮਤੁ ਜਾਣ ਸਹਿ ਗਲੀ ਪਾਇਆ ॥
ਇਹ ਵਿਸ਼ਵਾਸ ਕਰਕੇ ਧੋਖਾ ਨਾ ਖਾਓ ਕਿ ਸਰਵ ਵਿਆਪਕ ਸਤਾ ਦੀ ਪ੍ਰਾਪਤੀ ਸਿਰਫ਼ ਸ਼ਬਦਾਂ ਨਾਲ ਬਿਨਾਂ ਕਿਸੇ ਕਰਮ ਤੋਂ ਹੋ ਸਕਦੀ ਹੈ।

ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥
ਧਨ-ਸੰਪਦਾ ਦਾ ਹੰਕਾਰ ਅਤੇ ਸਰੀਰਕ ਸੁੰਦਰਤਾ ਦਾ ਮੋਹ ਵਿਅਰਥ ਜੀਵਨ ਵੱਲ ਲੈ ਜਾਂਦਾ ਹੈ। (੧)(ਠਹਿਰਾਉ)

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥
ਨਕਾਰਾਤਮਕਤਾ ਦੇ ਧਾਰਨੀ ਚਿਕੜ ਵਾਂਗ ਹੁੰਦੇ ਹਨ। ਕਠੋਰ ਮਨੋਬਿਰਤੀ, ਅੰਤਰੀਵੀ ਮੂਲ, ਸਦਗੁਣਾਂ ਅਤੇ ਆਲੇ ਦੁਆਲੇ ਵਸਦੀ ਚੰਗਿਆਈ ਤੋਂ ਅਣਜਾਣ, ਸਥਿਰ ਦਲਦਲ ਵਿਚ ਫਸੇ ਇਕ ਡੱਡੂ ਵਰਗੀ ਹੁੰਦੀ ਹੈ ਜੋ ਆਪਣੇ ਕੋਲ ਖਿੜ੍ਹੇ ਕਮਲ ਦੀ ਸੁੰਦਰਤਾ ਅਤੇ ਕੁਸ਼ਲਤਾ ਤੋਂ ਅਣਜਾਣ ਹੁੰਦਾ ਹੈ।

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥

ਭੌਰ ਚੇਤਨਾ ਦਾ ਪ੍ਰਤੀਕ ਹੈ, ਇਕ ਮਾਰਗਦਰਸ਼ਕ ਸਤਾ ਜੋ ਸੂਝ ਪ੍ਰਦਾਨ ਕਰਨ ਲਈ ਨਿਰੰਤਰ ਗੂੰਜਦੀ ਰਹਿੰਦੀ ਹੈ। ਇਸ ਦੇ ਬਾਵਜੂਦ ਵੀ ਸਾਂਝੇ ਬਿਬੇਕ ਉਪਰ ਵਿਚਾਰ ਕਰਨ ਨਾਲ ਵੀ ਸੂਝ ਵਿਕਸਤ ਹੁੰਦੀ ਹੈ। (੨)

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥

ਬੋਲਣ ਅਤੇ ਸੁਣਨ ਵਿਚ ਰੁਝਣਾ ਹਵਾ ਦੇ ਬੁਲ੍ਹੇ ਵਾਂਗ ਹੈ, ਜੋ ਦੁਨਿਆਵੀ ਰੁਝਾਨਾਂ ਕਾਰਣ ਭਟਕਦੇ ਮਨ ਲਈ ਥੋੜ੍ਹਚਿਰਾ ਅਤੇ ਦੁਰਲਭ ਹੈ, ਜੋ ਤੱਤਸਾਰ ਨੂੰ ਗੁਆ ਦਿੰਦਾ ਹੈ।

ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥

ਸਿਰਜਣਹਾਰ ਦੁਆਰਾ ਬਣਾਈ ਗਈ ਰਚਨਾ ਉਨ੍ਹਾਂ ਦੇ ਦਿਲਾਂ ਨੂੰ ਰਾਹਤ ਦਿੰਦੀ ਹੈ ਜਿਨ੍ਹਾਂ ਨੇ ਹੋਂਦ ਦੀ ਏਕਤਾ ਪ੍ਰਤੀ ਚਿੰਤਨ ਨੂੰ ਕਲਾਵੇ ਵਿਚ ਲਿਆ ਹੈ। (੩)

ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥

ਜੇਕਰ ਮਨ ਨਕਾਰਾਤਮਕਤਾ, ਸ਼ੈਤਾਨੀ ਮਨੋਬਿਰਤੀ ਵਾਲਾ ਹੈ ਤਾਂ ਰਸਮੀ ਤੀਹ ਰੋਜ਼ੇ ਰੱਖਣੇ ਅਤੇ ਰੋਜ਼ਾਨਾ ਪੰਜ ਨਮਾਜ਼ਾਂ ਪੜ੍ਹਨਾ ਅਰਥਹੀਣ ਹੈ।

ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥

ਨਾਨਕ ਕਹਿੰਦੇ ਹਨ ਕਿ ਉਦੇਸ਼ਪੂਰਨ ਮਾਰਗ ਦੀ ਚੋਣ ਕਰੋ, ਜਿਵੇਂ ਮੌਤ ਸਾਰਿਆਂ ਨੂੰ ਆਵੇਗੀ ਤਾਂ ਫਿਰ ਪਦਾਰਥਿਕ ਧਨ ਸੰਪਦਾ ਇਕੱਤਰ ਕਰਨ ਦੀ ਥੋੜ੍ਹਚਿਰੀ ਦੌੜ ਵਿਚ ਫਸੇ ਰਹਿਣ ਦਾ ਕੀ ਲਾਭ? (੪)(੨੭)

ਤੱਤ: ਗੁਰੂ ਨਾਨਕ ਸਾਨੂੰ ਜੀਵਨ ਦੀ ਅਸਥਿਰਤਾ ਤੋਂ ਉੱਪਰ ਉੱਠਣ ਵਾਲੇ ਸਦਗੁਣਾਂ ਨੂੰ ਵਿਕਸਤ ਕਰਨ ਦਾ ਰਸਤਾ ਚੁਣਨ ਦੀ ਤਾਕੀਦ ਕਰਦੇ ਹਨ। ਇਹ ਮੰਨਦੇ ਹੋਏ ਕਿ ਮੌਤ ਅਟੱਲ ਹੈ, ਉਹ ਸਵਾਲ ਕਰਦੇ ਹਨ ਕਿ ਕਿਸੇ ਨੂੰ ਦੁਨਿਆਵੀ ਵਸਤਾਂ ਦੀ ਅਸਥਾਈ ਭਾਲ ਵਿਚ ਕਿਉਂ ਰੁੱਝੇ ਰਹਿਣਾ ਚਾਹੀਦਾ ਹੈ। ਉਹ

ਜੀਵਨ ਨੂੰ ਉਦੇਸ਼ ਭਰਪੂਰ ਅਤੇ ਰੂਹਾਨੀਅਤ ਪ੍ਰਤੀ ਜਾਗਰੂਕਤਾ ਨਾਲ ਜਿਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**